# ਤੁਹਾਡੇ ਚਾਰ ਹੱਕ

## ਸਿਹਤ ਅਤੇ ਸੁਰੱਖਿਆ



## ਇਕ

### ਜਾਣਨ ਦਾ ਹੱਕ

ਵਰਕਰਾਂ ਨੂੰ ਆਪਣੇ ਕੰਮ ਨਾਲ ਸੰਬੰਧਿਤ ਸਿਹਤ ਅਤੇ ਸੁਰੱਖਿਆ (ਹੈਲਥ ਐਂਡ ਸੇਫਟੀ) ਦੇ ਖਤਰਿਆਂ ਬਾਰੇ ਜਾਣਨ ਦਾ ਅਧਿਕਾਰ ਹੈ। ਇਹ ਕੰਮ-ਮਾਲਕਾਂ ਦੀ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਵਰਕਰਾਂ ਨੂੰ ਵਰਕਰਾਂ ਦੇ ਸਾਹਮਣੇ ਆਉਣ ਵਾਲੇ ਖਤਰਿਆਂ, ਵਾਹ ਪੈਣ ਦੀ ਸੰਭਾਵਨਾ ਅਤੇ ਵਾਹ ਪੈਣ ’ਤੇ ਹੋ ਸਕਣ ਵਾਲੇ ਨੁਕਸਾਨ ਦੀ ਗੰਭੀਰਤਾ ਬਾਰੇ ਦੱਸਣ। ਇਸ ਦੇ ਨਾਲ ਹੀ ਮਾਲਕਾਂ ਲਈ ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ ਕਿ ਵਰਕਰਾਂ ਨੂੰ ਪਤਾ ਹੋਵੇ ਕਿ ਉਹਨਾਂ ਨੇ ਉਸ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਰੱਖਣਾ ਹੈ ਜਦੋਂ ਉਹ ਉਹਨਾਂ ਖਤਰਿਆਂ ਨਾਲ ਨਿਪਟਦੇ ਹਨ, ਜਿਹਨਾਂ ਤੋਂ ਲਾਂਭੇ ਨਹੀਂ ਰਿਹਾ ਜਾ ਸਕਦਾ।

## ਦੋ

### ਹਿੱਸਾ ਲੈਣ ਦਾ ਹੱਕ

ਵਰਕਰਾਂ ਨੂੰ ਉਹ ਫੈਸਲੇ ਬਣਾਉਣ ਵਿੱਚ ਹਿੱਸਾ ਲੈਣ ਦਾ ਹੱਕ ਹੈ ਜਿਹੜੇ ਫੈਸਲੇ ਉਹਨਾਂ ਦੀ ਸਿਹਤ ਅਤੇ ਸੁਰੱਖਿਆ (ਹੈਲਥ ਐਂਡ ਸੇਫਟੀ) ਨੂੰ ਪ੍ਰਭਾਵਿਤ ਕਰਦੇ ਹਨ। ਇਹ ਮਾਲਕ ਨਾਲ ਸਿਹਤ ਅਤੇ ਸੁਰੱਖਿਆ ਦੇ ਮਾਮਲਿਆਂ ਬਾਰੇ ਗੱਲ ਕਰਨ ਲਈ ਯੂਨੀਅਨ ਦੇ ਸਿਹਤ ਅਤੇ ਸਰੁੱਖਿਆ ਦੇ ਨੁਮਾਇੰਦੇ ਦੀ ਚੋਣ ਕਰਕੇ ਜਾਂ ਸਿਹਤ ਅਤੇ ਸੁਰੱਖਿਆ (ਹੈਲਥ ਐਂਡ ਸੇਫਟੀ) ਦੀ ਕਮੇਟੀ ਵਿੱਚ ਵਰਕਰਾਂ ਦੇ ਕਮੇਟੀ ਮੈਂਬਰ ਰੱਖ ਕੇ ਕੀਤਾ ਜਾਂਦਾ ਹੈ। ਹਿੱਸਾ ਲੈਣ ਦੇ ਹੱਕ ਦਾ ਇਹ ਵੀ ਮਤਲਬ ਹੈ ਕਿ ਵਰਕਰਾਂ ਲਈ ਉਹਨਾਂ ਖਤਰਿਆਂ ਬਾਰੇ ਆਪਣੇ ਸੁਪਰਵਾਈਜ਼ਰ, ਸਿਹਤ ਅਤੇ ਸੁਰੱਖਿਆ ਦੇ ਨੁਮਾਇੰਦੇ ਜਾਂ ਕਮੇਟੀ ਮੈਂਬਰ ਨੂੰ ਦੱਸਣਾ ਜ਼ਰੂਰੀ ਹੈ ਜਿਹਨਾਂ ਖਤਰਿਆਂ ਬਾਰੇ ਉਹਨਾਂ ਨੂੰ ਪਤਾ ਲਗਦਾ ਹੈ।

## ਤਿੰਨ

### ਇਨਕਾਰ ਕਰਨ ਦਾ ਹੱਕ

ਵਰਕਰਾਂ ਨੂੰ ਉਸ ਕੰਮ ਤੋਂ ਇਨਕਾਰ ਕਰਨ ਦਾ ਹੱਕ ਹੈ ਜਿਸ ਬਾਰੇ ਉਹ ਵਿਸ਼ਵਾਸ ਕਰਦੇ ਹਨ ਕਿ ਉਹ ਉਹਨਾਂ ਲਈ ਜਾਂ ਉਹਨਾਂ ਦੇ ਸਾਥੀ ਵਰਕਰਾਂ ਲਈ ਅਣਸੁਰੱਖਿਅਤ (ਅਣਸੇਫ) ਹੈ। ਬੇਸ਼ੱਕ ਸੂਬਿਆਂ ਅਤੇ ਵੱਖ ਵੱਖ ਅਧਿਕਾਰ ਖੇਤਰਾਂ ਵਿੱਚ ਇਨਕਾਰ ਕਰਨ ਦੇ ਹੱਕ ਨਾਲ ਸੰਬੰਧਿਤ ਕਾਰਵਾਈਆਂ ਅਤੇ ਹਾਲਤਾਂ ਵੱਖਰੀਆਂ ਵੱਖਰੀਆਂ ਹੋ ਸਕਦੀਆਂ ਹਨ, ਫਿਰ ਵੀ ਤਕਰੀਬਨ ਸਾਰੇ ਵਰਕਰਾਂ ਨੂੰ ਖਤਰਨਾਕ ਕੰਮ ਤੋਂ ਇਨਕਾਰ ਕਰਨ ਦਾ ਕਾਨੂੰਨੀ ਹੱਕ ਹੈ।

## ਚਾਰ

### ਸਜ਼ਾ ਨਾ ਦਿੱਤੇ ਜਾਣ ਦਾ ਹੱਕ

**ਸਾਰੇ ਅਧਿਕਾਰ ਖੇਤਰਾਂ ਦੇ ਕਾਨੂੰਨਾਂ ਵਿੱਚ ਅਜਿਹੇ ਸ਼ਬਦ ਸ਼ਾਮਲ ਹਨ ਜਿਹੜੇ ਕੰਮ ਮਾਲਕਾਂ ਲਈ ਉਹਨਾਂ ਵਰਕਰਾਂ ਨੂੰ ਸਜ਼ਾ ਦੇਣ ਨੂੰ ਗੈਰ-ਕਾਨੂੰਨੀ ਬਣਾਉਂਦੇ ਹਨ ਜਿਹੜੇ ਵਰਕਰ ਕੰਮ ’ਤੇ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਦੇ ਕਾਨੂੰਨਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਦੇ ਹਨ। ਇਸ ਵਿੱਚ ਖਤਰਿਆਂ ਬਾਰੇ ਰਿਪੋਰਟ ਕਰਨਾ, ਕਮੇਟੀ ਵਿੱਚ ਹਿੱਸਾ ਲੇਣਾ, ਅਤੇ ਖਤਰਨਾਕ ਕੰਮ ਕਰਨ ਤੋਂ ਇਨਕਾਰ ਕਰਨ ਦੇ ਹੱਕ ਦੀ ਵਰਤੋਂ ਕਰਨਾ ਸ਼ਾਮਲ ਹੈ। ਇਹ ਇਕ ਮਹੱਤਵਪੂਰਨ ਹੱਕ ਹੈ ਕਿਉਂਕਿ ਜੇ ਕਿਸੇ ਵਰਕਰ ਨੂੰ ਆਪਣੀ ਸਿਹਤ ਅਤੇ ਸੁਰੱਖਿਆ ਦਾ ਬਚਾਅ ਕਰਨ ਬਦਲੇ ਸਜ਼ਾ ਮਿਲਣ ਦਾ ਡਰ ਹੋਵੇ, ਉਸ ਦੀ ਕੰਮ-ਮਾਲਕ ਦੇ ਸਿਸਟਮ ਵਿੱਚ ਹਿੱਸਾ ਲੈਣ ਦੀ ਘੱਟ ਸੰਭਾਵਨਾ ਹੋਵੇਗੀ।**

**ਆਪਣੇ ਹੱਕਾਂ ਬਾਰੇ ਹੋਰ ਜਾਣਕਾਰੀ ਲਈ** ਜਾਂ ਸਿਹਤ ਅਤੇ ਸੁਰੱਖਿਆ (ਹੈਲਥ ਐਂਡ ਸੇਫਟੀ) ਬਾਰੇ ਕਿਸੇ ਵੀ ਤਰ੍ਹਾਂ ਦੇ ਹੋਰ ਸਵਾਲਾਂ ਲਈ, ਕਿਊਪੀ ਦੇ ਆਪਣੇ ਸਰਵਿਸਿੰਗ ਰੀਪ੍ਰੈਜ਼ਨਟੇਟਿਵ (ਨੁਮਾਇੰਦੇ), ਕਿਊਪੀ ਦੇ ਨੈਸ਼ਨਲ ਹੈਲਥ ਐਂਡ ਸੇਫਟੀ ਰੀਪ੍ਰੈਜ਼ਨਟੇਟਿਵ (ਨੁਮਾਇੰਦੇ) ਨਾਲ ਸੰਪਰਕ ਕਰੋ ਜਾਂ **cupe.ca/health-and-safety** ’ਤੇ ਸਾਡਾ ਵੈੱਬਸਾਈਟ ਦੇਖੋ।

CSU•SCP CUPE

[Punjabi]